ਪੰਜਾਬ ਸਰਕਾਰ
ਮਾਲ ਪੁਨਰਵਾਸ ਤੇ ਡਿਜਾਸਟਰ ਮੈਨੇਜਮੈਂਟ ਵਿਭਾਗ
(ਭੌਂ ਮਾਲੀਆ ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ,
ਡਿਪਟੀ ਕਮਿਸ਼ਨਰ।

ਮੀਮੋ ਨੰ: 25/51/2015-ਭ:ਮ:-2/ 16325-46
ਚੰਡੀਗੜ੍ਹ, ਮਿਤੀ: 25-9-15

ਵਿਸ਼ਾ:- ਪੀ.ਸੀ.ਐਕਟ 1988 ਦੀ ਧਾਰਾ 2 ਸੀ (i) ਤੇ (ii) ਸਬੰਧੀ।

-.-

ਡਿਪਟੀ ਕਮਿਸਨਰ ਕਪੂਰਥਲਾ ਵੱਲੋਂ ਇੱਕ ਕੇਸ ਵਿੱਚ ਸਰਕਾਰ ਤੋਂ ਇਹ ਰਹਿਬਰੀ ਮੰਗੀ ਗਈ ਸੀ ਕਿ ਨੰਬਰਦਾਰਾਂ ਤੇ ਪ੍ਰੀਵੈਨਸਨ ਆਫ ਕੁਰੱਪਸ਼ਨ ਐਕਟ, 1988 ਦੀ ਧਾਰਾ 19 ਲਾਗੂ ਹੁੰਦੀ ਹੈ? ਇਸ ਸਬੰਧ ਵਿੱਚ ਮਾਮਲਾ ਵਿਚਾਰਨ ਤੇ ਇਹ ਪਾਇਆ ਗਿਆ ਹੈ ਕਿ ਉਕਤ ਐਕਟ ਦੀ ਧਾਰਾ 2 ਸੀ (i) ਤੇ (ii) ਅਨੁਸਾਰ "public servant" ਦੀ ਪ੍ਰੀਭਾਸ਼ਾ ਹੇਠ ਅਨੁਸਾਰ ਦਿੱਤੀ ਗਈ ਹੈ:-

(c) "public servant" means-
(i) any person in the service or pay of the Government or remunerated by the Government by fees or commission for the performance of any public duty,
(ii) any person in the service or pay of a local authority;

2. ਉਕਤ ਪ੍ਰੀਭਾਸ਼ਾ ਅਨੁਸਾਰ ਰਾਜ ਦੇ ਸਮੂਹ ਨੰਬਰਦਾਰ "public servant" ਦੇ ਘੇਰੇ ਵਿੱਚ ਆਉਂਦੇ ਹਨ, ਕਿਉਂ ਕਿ ਉਹ ਪੰਜਾਬ ਲੈਂਡ ਰੈਵੀਨਿਊ ਰੂਲਜ ਦੇ ਰੂਲ 20 ਵਿੱਚ ਦਿੱਤੀਆਂ ਸਰਕਾਰੀ ਡਿਊਟੀਆਂ ਨਿਭਾਉਂਦੇ ਹਨ ਅਤੇ ਉਨਾਂ ਨੂੰ ਸਰਕਾਰ ਵੱਲੋਂ ਪ੍ਰਤੀ-ਮਹੀਨਾ ਮਾਣਭੱਤਾ ਦਿੱਤਾ ਜਾਂਦਾ ਹੈ।

3. ਉਪਰੋਕਤ ਦੇ ਸਨਮੁੱਖ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਪੀ.ਸੀ.ਐਕਟ 1988 ਦੀ ਧਾਰਾ 2 ਸੀ (i) ਤੇ (ii) ਤਹਿਤ, ਕਿਸੇ ਨੰਬਰਦਾਰ ਵਿਰੁੱਧ ਮੁਕੱਦਮੇ ਦੀ ਸੂਰਤ ਵਿੱਚ ਚਲਾਨ ਅਦਾਲਤ ਵਿੱਚ ਪੇਸ਼ ਕਰਨ ਤੋਂ ਪਹਿਲਾਂ ਸਮਾਇਤ ਮੰਨਜੂਰੀ ਲੋੜੀਂਦੀ ਹੈ।

ਅਧੀਨ ਸਕੱਤਰ ਮਾਲ
23.9.15

ਪ੍ਰਿ:ਅੰ:ਵਿ:ਪ:ਨੰ: 25/51/2015-ਭ:ਮ:-2/ 16346-ਏ ਚੰਡੀਗੜ੍ਹ,ਮਿਤੀ: 25-9-15

ਉਪਰੋਕਤ ਦਾ ਉਤਾਰਾ ਸੁਪਰਡੰਟ, ਚੌਕਸੀ ਵਿਭਾਗ (ਚੌਕਸੀ-1 ਸਾਖਾ) ਨੂੰ ਉਨਾਂ ਦੇ ਅੰ:ਵਿ:ਪ:ਨੰ: 58/198/13/4ਚ1/583218/1 ਮਿਤੀ 8.9.2015 ਦੇ ਹਵਾਲੇ ਵਿੱਚ ਮੁੱਖ ਡਾਇਰੈਕਟਰ, ਵਿਜੀਲੈਂਸ ਬਿਊਰੋ ਨੂੰ ਸੂਚਿਤ ਕਰਨ ਲਈ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਮਾਲ
23.9.15